# ELECTION CELL

**Electoral Registration Officer,**
**AC- 093-BATHINDA RURAL(SC)-cum- ACA,BDA**
Email: bathindarural093ac@gmail.com


2025140825

ਨੰ.1

ਪੱਤਰ ਨੰ. ਚੋਣ-2025/ 52 ਮਿਤੀ 26/9/25

ਵੱਲ

1. ਸਮੂਹ ਸੈਕਟਰ ਅਫਸਰ,
   093- ਬਠਿੰਡਾ ਦਿਹਾਤੀ।
2. ਸਮੂਹ ਬੀ.ਐੱਲ.ਓਜ਼
   093- ਬਠਿੰਡਾ ਦਿਹਾਤੀ।

ਵਿਸ਼ਾ:- Special Intensive Revision (SIR) W.R.T 01-01-2026 regarding.

ਹਵਾਲਾ:- ਮਾਨਯੋਗ ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਦੇ ਦਫਤਰ ਦੇ ਪੱਤਰ ਨੰ: ਚੋਣ-2025/ ਮਿਤੀ 15-09-2025 ਦੇ ਸਬੰਧੀ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਵਲੋਂ ਜਾਰੀ ਹਦਾਇਤਾਂ ਅਨੁਸਾਰ ਸਪੈਸ਼ਲ ਇੰਟੈਂਸਿਵ ਰਵੀਜ਼ਨ 2026 ਸਬੰਧੀ ਬੂਥ ਵਾਈਜ਼ ਐਂਟਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਹੁਣ ਹਰੇਕ ਬੀ.ਐਲ.ਓ ਵਲੋਂ ਆਪਣੇ-ਆਪਣੇ ਬੂਥ ਦੀ 2025 ਦੀ ਵੋਟਰ ਸੂਚੀ ਅਨੁਸਾਰ ਹਰ ਇੱਕ ਵੋਟਰ ਦੀ ਕੈਟਾਗਿਰੀ ਵਾਈਜ਼ ਐਂਟਰੀ ਪਹਿਲਾਂ ਤੋਂ ਹੀ ਭੇਜੇ ਗਏ ਪੋਰਟਲ ਦੇ ਲਿੰਕ ਤੇ ਕੀਤੀ ਜਾਣੀ ਹੈ। ਇੱਥੇ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਵੋਟਰ ਸੂਚੀ 2003 ਅਤੇ 2025 ਵਿੱਚ ਮੈਚਿੰਗ ਕੀਤੇ ਗਏ ਵੋਟਰਾਂ (ਕੈਟਾਗਿਰੀ A,C,D,F) ਦੀ ਐਂਟਰੀ ਧਿਆਨ ਪੂਰਵਕ ਕੀਤੀ ਜਾਵੇ। ਜੇਕਰ ਇਸ ਕੰਮ ਵਿੱਚ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਸਬੰਧਤ ਬੀ.ਐਲ.ਓਜ਼ ਆਪਣੇ ਸੈਕਟਰ ਅਫਸਰ ਰਾਹੀਂ ਤਾਲਮੇਲ ਕਰ ਸਕਦਾ ਹੈ।

ਇਸ ਲਈ ਵਿਧਾਨ ਸਭਾ ਹਲਕਾ 093 ਬਠਿੰਡਾ ਦਿਹਾਤੀ ਅਧੀਨ ਕੰਮ ਕਰਦੇ ਸਮੂਹ ਬੀ.ਐਲ.ਓਜ਼. ਮਿਤੀ 26-09-2025 ਤੋਂ 01-10-2025 ਤੱਕ ਆਪਣੇ ਪਿਤਰੀ ਵਿਭਾਗ ਸਕੂਲ/ਦਫਤਰ ਤੋਂ ਫਾਰਗ ਹੋ ਕੇ ਆਪਣੇ ਆਪਣੇ ਬੂਥ ਦੀ ਡਾਟਾ ਐਂਟਰੀ ਦਾ ਕੰਮ ਮਿਤੀ:01-10-2025 ਤੱਕ ਮੁਕੰਮਲ ਕਰਨਾ ਯਕੀਨੀ ਬਣਾਉਣਗੇ। ਸਮੂਹ ਸੈਕਟਰ ਅਫਸਰ ਆਪਣੇ ਅਧੀਨ ਆਉਂਦੇ ਬੀ.ਐਲ.ਓਜ ਦੇ ਕੰਮ ਦੀ ਪ੍ਰੋਗਰੈਸ ਲਈ ਜਿੰਮੇਵਾਰ ਹੋਣਗੇ ਅਤੇ ਇਸ ਕੰਮ ਨੂੰ ਸਮੇਂ ਸਿਰ ਨੇਪਰੇ ਚੜਾਉਣਾ ਯਕੀਨੀ ਬਣਾਉਣਗੇ।

ਨੋਟ:- ਜੇਕਰ ਕਿਸੇ ਵੀ ਬੀ.ਐਲ.ਓਜ ਵਲੋਂ ਦਫਤਰੀ ਡਿਊਟੀ ਤੋਂ ਫਾਰਗ ਹੋ ਕੇ ਵੀ ਉਕਤ ਕੰਮ ਨੂੰ ਨੇਪਰੇ ਨਹੀਂ ਚਾੜ੍ਹਿਆ ਗਿਆ ਤਾਂ ਉਸ ਕਰਮਚਾਰੀ ਦੇ ਖਿਲਾਫ ਚੋਣਾਂ ਦੇ ਕੰਮ ਵਿੱਚ ਵਿਘਨ ਪਾਉਣ ਸਬੰਧੀ ਮਾਨਯੋਗ ਭਾਰਤ ਚੋਣ ਕਮਿਸ਼ਨ ਜੀ ਨੂੰ ਲਿਖ ਦਿੱਤਾ ਜਾਵੇਗਾ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
093- ਬਠਿੰਡਾ ਦਿਹਾਤੀ।
ਮਿਤੀ 26/9/25

ਪਿੱਠ ਅੰਕਣ ਨੰ. ਚੋਣ-2025/ 53

ਇਸ ਦਾ ਉਤਾਰਾ:-

1. ਮਾਨਯੋਗ ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਸਮੂਹ ਵਿਭਾਗਾਂ ਦੇ ਮੁੱਖੀ
3. ਜ਼ਿਲ੍ਹਾ ਸਿੱਖਿਆ ਅਫਸਰ (ਸਕੈਂ,ਐਲੀ.), ਬਠਿੰਡਾ।
4. ਜ਼ਿਲ੍ਹਾ ਸਿੱਖਿਆ ਅਫਸਰ (ਸਕੈਂ,ਐਲੀ.),ਬਰਨਾਲਾ

ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਚੋਣ ਹਲਕੇ ਅਧੀਨ ਕੰਮ ਕਰਦੇ ਆਪਣੇ ਵਿਭਾਗ ਦੇ ਕਰਮਚਾਰੀਆਂ ਨੂੰ ਬੀ.ਐਲ.ਓ ਡਿਊਟੀ ਲਈ ਮਿਤੀ 26-09-2025 ਤੋਂ 01-10-2025 ਤੱਕ ਫਾਰਗ ਕੀਤਾ ਜਾਵੇ ਅਤੇ ਜੇਕਰ ਕਿਸੇ ਕਰਮਚਾਰੀ ਦੀ ਵਿਭਾਗੀ ਡਿਊਟੀ ਲਗਾਈ ਗਈ ਹੈ ਤਾਂ ਸਬੰਧਤ ਵਿਭਾਗ ਦਾ ਮੁੱਖੀ ਇਸਦਾ ਬਦਲਵਾ ਪ੍ਰਬੰਧ ਆਪਣੇ ਪੱਧਰ ਤੇ ਕਰਕੇ, ਬੀ.ਐਲ.ਓ.ਨੂੰ ਚੋਣ ਡਿਊਟੀ ਲਈ ਫਾਰਗ ਕਰਨਗੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
093- ਬਠਿੰਡਾ ਦਿਹਾਤੀ।

Scanned with OKEN Scanner

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2025/ 6430 ਮਿਤੀ 26-09-2025

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ,ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

26/09/25

ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

26/09/25